# ਸ਼ਹੀਦ ਮਦਨ ਲਾਲ ਢੀਂਗਰਾ
# ਬਾਰੇ
# ਸ਼ਹੀਦ ਭਗਤ ਸਿੰਘ ਦਾ ਨਜ਼ਰੀਆ

ਮਲਵਿੰਦਰ ਜੀਤ ਸਿੰਘ ਵੜੈਚ*

> ਮਦਨ ਲਾਲ ਢੀਂਗਰਾ ਨੇ ਆਪਣੀ ਕਾਰਵਾਈ ਦਾ ਪਿਛੋਕੜ ਸਪਸ਼ਟ ਕਰਨ ਲਈ ਲਿਖਤੀ ਬਿਆਨ ਦੀਆਂ ਦੋ ਪਰਤਾਂ ਤਿਆਰ ਕੀਤੀਆਂ। ਇੱਕ ਕੋਟ ਦੀ ਜੇਬ ਵਿੱਚ ਪਾ ਲਈ ਅਤੇ ਦੂਜੀ ਰਿਹਾਇਸ਼ ਵਾਲੀ ਥਾਂ ’ਤੇ ਛੱਡ ਦਿੱਤੀ।
>
> ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਕੌਮੀ ਅਸੈਂਬਲੀ ਵਿੱਚ ਬੰਬ ਧਮਾਕੇ ਪਿੱਛੋਂ ਪਰਚਾ ਸੁੱਟਿਆ। ਇਨ੍ਹਾਂ ਦੋਹਾਂ ਬਿਆਨਾਂ ਵਿੱਚ ਇਕ ਗੱਲ ਸਾਂਝੀ ਸੀ — ਕਾਰਵਾਈ ਕਿਸੇ ਬੰਦੇ ਵਿਸ਼ੇਸ਼ ਦੇ ਖਿਲਾਫ਼ ਨਹੀਂ, ਜ਼ਾਲਮ ਨਿਜ਼ਾਮ ਖ਼ਿਲਾਫ਼ ਵੰਗਾਰ ਹੈ।
>
> ਦੋਹਾਂ ਬਿਆਨਾਂ ’ਚ ਅਦਾਲਤੀ ਕਾਰਵਾਈ ਨੂੰ ਮਹਿਜ਼ ਡਰਾਮਾ ਕਰਾਰ ਦਿੱਤਾ ਗਿਆ ਹੈ।

ਅੰਮ੍ਰਿਤਸਰ ਦੇ ਮਸ਼ਹੂਰ ਸਰਕਾਰ-ਪੰਥੀ ਪਰਿਵਾਰ ਵਿੱਚ 8 ਫਰਵਰੀ 1883 ਨੂੰ ਜਨਮੇ ਮਦਨ ਲਾਲ ਢੀਂਗਰਾ, ਜਿਨ੍ਹਾਂ ਨੇ ਇੰਗਲੈਂਡ ਵਿੱਚ ਪਹਿਲੀ ਜੁਲਾਈ 1909 ਨੂੰ ਇੱਕ ਬਦਨਾਮ ਅੰਗ੍ਰੇਜ਼ੀ ਚਾਟੜੇ, ਸਰ ਕਰਜ਼ਨ ਵਾਇਲੀ ਤੇ ਜਾਨੀ ਵਾਰ ਕਰਕੇ ਮਾਰ ਮੁਕਾਇਆ , ਮੌਕੇ ਤੇ ਗ੍ਰਿਫਤਾਰੀ ਦੇਕੇ ਖਿੜੇ ਮੱਥੇ 17 ਅਗਸਤ ਨੂੰ ਫਾਂਸੀ ਦਾ ਰੱਸਾ ਚੁੰਮਿਆ ਸੀ। ਭਗਤ ਸਿੰਘ ਦਾ ਮਾਰਚ 1928 ਦੇ ‘ਕਿਰਤੀ’ ਵਿੱਚ ਛਪਿਆ ਲੇਖ, “ਪੰਜਾਬ ਦੇ ਪਹਿਲੇ ਵਿਦਰੋਹੀ ਮਦਨ ਲਾਲ ਢੀਂਗਰਾ”, ਬਾਰੇ ਉਸ ਸੰਕਲਪ ਦੀ ਤਰਜਮਾਨੀ ਕਰਦਾ ਹੈ, ਜੋ ਉਹਨਾਂ ਦੇ ‘ਮਾਰਡਨ ਰੀਵਿਊ’ ਦੇ ਐਡੀਟਰ ਨੂੰ ਉਸਦੇ ‘ਇਨਕਲਾਬ ਜ਼ਿੰਦਾਬਾਦ’ ਦੇ ਨਾਅਰੇ ਤੇ ਉਹਦੀ ਵਿਅੰਗਮਈ ਟਿੱਪਣੀ ਦੇ ਜਵਾਬ ਵਿੱਚ ਲਿਖੇ ਪੱਤਰ ਵਿੱਚ ਦਰਸਾਇਆ ਗਿਐ, “ਫਰਜ਼ ਕਰੋ ਅਸੀਂ ਕਹਿੰਦੇ ਹਾਂ ‘ਜ਼ਿੰਦਾਬਾਦ ਜਤਿਨ ਦਾਸ’। ਤਾਂ ਇਸ ਦਾ ਅਰਥ ਸਾਫ਼ ਅਤੇ ਸਪਸ਼ਟ ਹੁੰਦਾ ਹੈ ਕਿ ਉਹ ਨਾ ਫਤਿਹ ਹੋਣ ਵਾਲੀ ਸਪਿਰਿਟ” ਜੀਹਦੇ ਤਹਿਤ ਉਹ ਸ਼ਹੀਦ ਹੋਇਆ ਸੀ, ਅਮਰ ਰਹੇ।



ਸ਼ਹੀਦ ਮਦਨ ਲਾਲ ਢੀਂਗਰਾ

ਇਸ ਲੇਖ ਲਈ ਲੋੜੀਂਦੀ ਸਮਗਰੀ ਜੁਟਾਉਣ ਲਈ ਭਗਤ ਸਿੰਘ ਨੂੰ ਕਿੰਨੇ ਹੱਥ-ਪੈਰ ਮਾਰਨੇ ਪਏ ਸੀ, ਪਹਿਲੋਂ ਉਹਨਾਂ ਦਾ ਉਲੇਖ ਕਰਦਿਆਂ ਉਸਨੇ ਲਿਖਿਐ, “ਉਹ ਕੋਈ ਲੀਡਰ ਤਾਂ ਹਨ ਨਹੀਂ ਸੀ ਕਿ ਉਹਨਾਂ ਦਾ ਜੀਵਨ ਚਰਿੱਤਰ ਛਪ ਕੇ ਦੋ ਆਨੇ ਵਿੱਚ ਵਿਕ ਜਾਂਦਾ। ਉਹ ਅਵਤਾਰ ਵੀ ਨਹੀਂ ਸਨ ਕਿ ਜੋਤਿਸ਼ੀ ਅਤੇ ਰਮਲੀ (ਟੇਵਾ ਲਾਉਣ ਵਾਲੇ) ਲੋਕਾਂ ’ਚ ਜੋਤਿਸ਼ ਲਾਕੇ ਰੌਲਾ ਪਾ ਦਿੱਤਾ, ਹੋਵੇ ਕਿ ਅਸੀਂ ਪਹਿਲੋਂ ਹੀ ਸਮਝ ਗਏ ਸੀ ਕਿ ਉਹ ਬੜੇ (ਵੱਡੇ) ਆਦਮੀ ਹਨ। ਉਹਨਾਂ ਦੀਆਂ ਕੋਈ ਐਸੀਆਂ ਗੱਲਾਂ ਵੀ ਸਾਨੂੰ ਨਹੀਂ ਪਤਾ ਕਿ ਅਸੀਂ ਲਿਖ ਸਕੀਏ ਕਿ ‘ਹੋਣਹਾਰ ਬਿਰਵਾਨ ਕੇ ਹੋਣ ਚਿਕਨੇ ਪਾਤ’।

“ਉਹ ਗਰੀਬ ਤੇ ਬਦਕਿਸਮਤ ਵਿਦਰੋਹੀ ਸੀ। ਉਸਦੇ ਪਿਤਾ ਨੇ ਓਸ ਨੂੰ ਅਪਣਾ ਪੁੱਤਰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਦੇਸ਼ਭਗਤ ਤੇ ਝੋਲੀ-ਚੁੱਕ, ਸਭ ਅਖ਼ਬਾਰਾਂ ਅਤੇ ਓਸ ਵੇਲੇ ਦੇ ਗਰਮ ਖ਼ਿਆਲੀ ਨੇਤਾ ਬਿਪਨ ਚੰਦਰਪਾਲ ਤੀਕ ਨੇ ਉਹਨਾਂ ਨੂੰ ਰੱਜ-ਰੱਜ ਕੇ ਗਾਲ੍ਹਾਂ ਕੱਢ ਦਿੱਤੀਆਂ। ਤਾਂ ਦੱਸੋ ਫਿਰ ਉਹਨਾਂ ਦੇ ਜੀਵਨ (ਹਾਲਾਤ), ਅੱਜ ਵੀਹ ਸਾਲ ਪਿੱਛੋਂ ਇਕੱਠੇ ਕਰਨ ਦੀ ਕੋਸ਼ਿਸ਼ ਵਿੱਚ ਕਿਸੇ ਨੂੰ ਕਿਤਨੀ ਸਫ਼ਲਤਾ ਹਾਸਲ ਹੋ ਸਕੇਗੀ।

“ਇਹਨਾਂ ਔਕੜਾਂ ਵਿੱਚ ਅੱਜ ਉਨ੍ਹਾਂ ਦਾ ਜੀਵਨ ਬ੍ਰਿਤਾਂਤ ਲਿਖਣ ਬੈਠ ਗਏ ਹਾਂ। ਹੌਲੀ-ਹੌਲੀ ਅਸੀਂ ਲੋਕੀਂ ਉਨ੍ਹਾਂ ਦਾ ਨਾਮ ਵੀ

* ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109, ਫੋਨ: 0172-2556314,
ਈਮੇਲ: mjswaraich29@gmail.com

ਨਾ ਭੁਲ ਜਾਈਏ, ਇਸੇ ਵਿਚਾਰ ਦੀ ਪ੍ਰੇਰਨਾ ਨਾਲ ਅੱਜ ਉਨ੍ਹਾਂ ਦੇ ਜਿਹੋ-ਜਹੇ ਹਾਲਾਤ ਵੀ ਮਿਲੇ ਹਨ, ਲੈ ਕੇ ਪਾਠਕਾਂ ਦੇ ਸਾਹਮਣੇ ਰੱਖ ਰਹੇ ਹਾਂ।

"ਆਪ (ਸ਼ਾਇਦ) ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਘਰੋਂ ਸੌਖੇ ਸਨ। ਬੀ.ਏ. ਪਾਸ ਕਰਕੇ ਇੰਗਲੈਂਡ ਪੜ੍ਹਨ ਤੁਰ ਗਏ। ਉਥੇ ਕਿਹਾ ਜਾਂਦਾ ਹੈ ਕਿ ਆਪ ਕੁਝ ਐਸ਼-ਇਸ਼ਰਤ ਵਿੱਚ ਫਸ ਗਏ। ਇਹ ਗੱਲ ਯਕੀਨ ਨਾਲ ਨਹੀਂ ਕਹੀ ਜਾ ਸਕਦੀ, ਪਰ ਇਹ ਗੱਲ ਕੋਈ ਅਣਹੋਣੀ ਵੀ ਨਹੀਂ। ਉਹਨਾਂ ਦਾ ਮਨ ਬੜਾ ਰਸਿਕ ਤੇ ਭਾਵੁਕ ਸੀ, ਏਸ ਗੱਲ ਦਾ ਸਬੂਤ ਵੀ ਮਿਲਦਾ ਹੈ। ਇੰਗਲੈਂਡ ਦੇ ਜਾਸੂਸ ਮਹਿਕਮੇ (Scotland Yard) ਦੇ ਇੱਕ ਪ੍ਰਸਿੱਧ ਜਾਸੂਸ ਸ਼੍ਰੀ ਈ.ਟੀ. ਵੁਡਹਾਲ ਨੇ 'ਯੂਨੀਅਨ ਜੈਕ' (Union Jack) ਨਾਮਕ ਹਫ਼ਤਾਵਾਰੀ ਪੱਤਰ ਵਿੱਚ ਆਪਣੀ ਡਾਇਰੀ ਛਾਪੀ ਸੀ। ਮਾਰਚ 1925 ਦੇ ਪਰਚੇ ਵਿੱਚ ਉਹਨਾਂ ਨੇ ਸ਼੍ਰੀ ਮਦਨ ਲਾਲ ਢੀਂਗਰਾ ਜੀ ਦਾ ਹਾਲ ਲਿਖਿਆ ਹੈ। ਇਸ ਜਾਸੂਸ ਨੂੰ ਉਹਨਾਂ ਦੇ ਪਿਛੇ ਲਗਾਇਆ ਗਿਆ ਸੀ। ਉਹ ਲਿਖਦੇ ਹਨ:

"Dhingra was an extraordinary man. Dhingra's passion for flowers was remarkable."

ਯਾਨੀ "ਢੀਂਗਰਾ ਅਸਾਧਾਰਨ ਆਦਮੀ ਸੀ। ਢੀਂਗਰਾ ਦਾ ਫੁਲਾਂ ਪ੍ਰਤੀ ਖ਼ਾਸ ਮੋਹ ਸੀ।"
ਅੱਗੇ ਜਾਕੇ ਉਨ੍ਹਾਂ ਲਿਖਿਆ ਹੈ ਕਿ ਕਿਸੇ ਸੁੰਦਰ ਜਹੀ ਗੁਠ ਵਿੱਚ ਉਹ ਬੈਠ ਜਾਂਦੇ ਸਨ ਅਤੇ ਕਈ ਘੰਟੇ ਉਹ ਫੁਲਾਂ ਵੱਲ ਬੜੇ ਮਸਤ ਹੋਕੇ ਦੇਖਦੇ ਰਹਿੰਦੇ ਸਨ ਤੇ ਉਨ੍ਹਾਂ ਦੀਆਂ ਅੱਖੀਆਂ ਵਿਚੋਂ ਬੜੀ ਤੇਜ਼ ਰੋਸ਼ਨੀ ਨਿਕਲਦੀ ਸੀ। ਉਸ ਚਮਕ ਨੂੰ ਵੇਖ ਕੇ ਈ.ਟੀ. ਵੁਡਹਾਲ ਅੱਗੇ ਲਿਖਦਾ ਹੈ:

"There is a man to keep an eye on. He will do something desperate some day."

ਯਾਨੀ "ਉਹ ਜੋ ਬੰਦਾ ਹੈ ਜਿਸ ਦਾ ਖਿਆਲ ਰੱਖਣਾ ਚਾਹੀਦਾ ਹੈ, ਕਿਸੇ ਨਾ ਕਿਸੇ ਦਿਨ ਭੜਕੂ ਪਾਉਂਗਾ।"

"ਖ਼ੈਰ! ਅਸੀਂ ਗੱਲ ਕਰ ਰਹੇ ਸਾਂ ਕਿ ਸ਼ਾਇਦ ਉਹ ਐਸ਼-ਉਸ ਵਿੱਚ ਫੱਸ ਗਏ। ਉਸ ਘਟਨਾ ਦੇ ਅੱਗੋਂ ਇਉਂ ਕਿ ਫੇਰ ਸੁਦੇਸ਼ੀ ਦੀ ਲਹਿਰ ਦਾ ਅਸਰ ਇੰਗਲੈਂਡ ਵਿੱਚ ਵੀ ਪੁਜਾ ਅਤੇ ਪੈਂਦੇ ਸਾਰ ਹੀ ਸ਼ਿਆਮਜੀ ਕ੍ਰਿਸ਼ਨ ਵਰਮਾ ਅਤੇ ਸਾਵਰਕਰ ਨੇ 'ਇੰਡੀਆ ਹਾਉਸ' ਨਾਮਕ ਸਭਾ ਖੋਲ੍ਹ ਦਿੱਤੀ। ਮਦਨ ਲਾਲ ਵੀ ਉਸਦੇ ਮੈਂਬਰ ਬਣੇ।

"ਇਧਰ ਹਿੰਦੋਸਤਾਨ ਵਿੱਚ ਖੁਲ੍ਹੀ ਲਹਿਰ ਨੂੰ ਦਬਾਉਣ ਕਰਕੇ ਯੁਗ ਪਲਟਾਊ ਲੋਕਾਂ ਨੇ ਖ਼ੁਫ਼ੀਆ ਸੋਸਾਇਟੀਆਂ ਕਾਇਮ ਕਰ ਲਈਆਂ। ਇੱਥੋਂ ਤੀਕ ਕਿ 1908 ਵਿੱਚ ਅਲੀਪੁਰ ਦੀ ਸਾਜਿਸ਼ ਦਾ ਮੁਕਦਮਾ ਸਤੇਂਦਰ ਨਾਥ ਨੂੰ ਫਾਂਸੀ ਮਿਲ ਗਈ। ਧਰਿੰਦਰ ਤੇ ਓਲਾਸਕਰ ਦੱਤ ਨੂੰ ਫਾਂਸੀ ਦੀ ਸਜ਼ਾ ਹੀ ਸੁਣਾਈ ਗਈ ਸੀ। ਇਹ ਖ਼ਬਰਾਂ ਇੰਗਲੈਂਡ ਵਿੱਚ ਵੀ ਪੁਜੀਆਂ ਅਤੇ ਇਹਨਾਂ ਗਰਮ ਖ਼ਿਆਲੀ ਨੌਜਵਾਨਾਂ ਨੂੰ ਜਿਵੇਂ ਅੱਗ ਲੱਗ ਗਈ....

ਭਾਰਤੀ ਵਿਦਿਆਰਥੀਆਂ ਦੇ ਖਾਸ ਖੁਫ਼ੀਆ ਪੁਲਿਸ ਦਾ ਪ੍ਰਬੰਧ ਕਰਨ ਵਾਲੇ ਤੇ ਉਹਨਾਂ ਦੀ ਮਾੜੀ-ਮੋਟੀ ਆਜ਼ਾਦੀ ਨੂੰ ਕੁਚਲਣ ਵਾਲੇ ਸਰ ਕਰਜ਼ਨ ਵਾਇਲੀ ਜੋ Secretary of State for India ਦੇ ਏ.ਡੀ.ਸੀ. (A.D.C.) ਸਨ, ਦੁਆਰਾ ਚਲਾਈ ਗਈ ਸਭਾ ਵਿੱਚ ਮਦਨ ਲਾਲ ਜਾ ਸ਼ਾਮਲ ਹੋਏ। ਇਹ ਦੇਖ ਕੇ ਇੰਡੀਆ ਹਾਊਸ ਵਾਲੇ ਉਹਨਾਂ ਨੂੰ ਦੇਸ਼-ਘਾਤਕ, ਦੇਸ਼-ਧ੍ਰੋਹੀ ਤੀਕ ਕਹਿਣ ਲੱਗ ਪਏ....

ਖ਼ੈਰ ਕੁਝ ਦਿਹਾੜੇ ਤਾਂ ਚੁਪ ਚਾਪ ਲੰਘ ਗਏ। 1 ਜੁਲਾਈ 1909 ਨੂੰ ਇਮਪੀਰੀਅਲ ਇੰਸਟੀਟਿਊਟ ਦੇ ਜਹਾਗੀਰ ਹਾਲ ਵਿੱਚ ਇਕਤਰਤਾ ਸੀ। ਸਰ ਕਰਜ਼ਲ ਵਾਇਲੀ ਵੀ ਉਥੇ ਗਏ ਹੋਏ ਸੀ। ਉਹ ਦੋ ਹੋਰ ਬੰਦਿਆਂ ਨਾਲ ਗੱਲ ਕਰ ਰਹੇ ਸਨ ਕਿ ਇੱਕ ਦਮ ਢੀਂਗਰਾ ਹੋਰਾਂ ਨੇ ਪਿਸਤੌਲ ਕੱਢ ਕੇ ਉਨ੍ਹਾਂ ਦੇ ਮੂੰਹ ਵੱਲ ਤਾਨ ਦਿੱਤਾ। ਕਰਜ਼ਨ ਸਾਹਿਬ ਦੀ ਡਰਦਿਆਂ ਦੀ ਚੀਕ ਨਿਕਲ ਗਈ, ਪਰ ਕੋਈ ਬੰਦੋਸਬਤ ਹੋ ਸਕਣ ਤੋਂ ਪਹਿਲਾਂ ਹੀ ਮਦਨ ਲਾਲ ਨੇ ਦੋ ਗੋਲੀਆਂ ਉਹਨਾਂ ਦੇ ਸੀਨੇ ਵਿੱਚ ਮਾਰਕੇ ਉਹਨਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ। ਫਿਰ ਕੁੱਝ ਜਦੋ-ਜਹਿਦ ਦੇ ਬਾਅਦ ਉਹ ਪਕੜੇ ਗਏ। ਫਿਰ ਕੀ ਸੀ ਦੁਨੀਆ ਭਰ ਵਿੱਚ ਤਰਥਲੀ ਮਚ ਗਈ। ਸਭ ਲੋਕੀਂ ਉਹਨਾਂ ਨੂੰ ਜੀ ਭਰ ਕੇ ਗਾਲ੍ਹਾਂ ਕੱਢਣ ਲੱਗ ਪਏ। ਉਹਨਾਂ ਦੇ ਪਿਤਾ ਨੇ ਪੰਜਾਬ ਤੋਂ ਤਾਰ ਦੇ ਘੱਲਿਆ ਕਿ ਇਹੋ ਜਹੇ ਬਾਗ਼ੀ, ਵਿਦਰੋਹੀ ਅਤੇ ਹਤਿਆਰੇ ਆਦਮੀ ਨੂੰ ਮੈਂ ਆਪਣਾ ਪੁੱਤਰ ਮੰਨਣ ਤੋਂ ਇਨਕਾਰੀ ਹਾਂ। ਭਾਰਤ ਵਾਸੀਆਂ ਦੇ ਬੜੇ-ਬੜੇ ਜਲਸੇ ਹੋਏ। ਬੜੇ-ਬੜੇ ਲੈਕਚਰ ਹੋਏ। ਬੜੇ-ਬੜੇ ਮੱਤੇ ਪਾਸ ਹੋਏ। ਸਭ ਨੇ ਉਨ੍ਹਾਂ ਦੀ ਨਿੰਦਾ ਕੀਤੀ, ਪਰ ਉਸ ਵਕਤ ਵੀ ਇੱਕ ਵੀਰ ਸਾਵਰਕਰ ਸੀ, ਜਿਸ ਨੇ ਖੁਲਮ-ਖੁਲ੍ਹਾਂ ਉਨ੍ਹਾਂ ਦਾ ਪੱਖ ਲਿਆ।...

ਮੁਕਦਮਾ ਚਲ ਰਿਹਾ ਸੀ, ਮਦਨ ਲਾਲ ਬੜੇ ਖੁਸ਼ ਸਨ। ਬੜੇ ਸ਼ਾਂਤ ਸਨ। ਉਹ ਨਿਰਭੈ ਸਨ। ਆਹਾ! ਉਹ ਵੀਰ ਵਿਦਰੋਹੀ ਸਨ। ਆਪ ਨੇ ਅੰਤ ਵਿੱਚ ਜੋ ਬਿਆਨ ਦਿੱਤਾ ਉਹ ਆਪ ਦੀ ਨੇਕ ਦਿਲੀ, ਆਪ ਦੀ ਦੇਸ਼ ਭਗਤੀ ਅਤੇ ਲਿਆਕਤ ਦਾ ਬੜਾ ਭਾਰੀ ਸਬੂਤ ਹੈ। ਅਸੀਂ ਇਸਨੂੰ ਉਹਨਾਂ ਦੇ ਲਫ਼ਜਾਂ ਵਿੱਚ ਹੀ ਦੇਂਦੇ ਹਾਂ। ਇਹ 12 ਅਗਸਤ (1909) ਦੇ 'ਡੇਲੀ ਨਿਊਜ਼' ਵਿੱਚ ਛੱਪਿਆ ਸੀ:

"ਮੈਂ ਮੰਨਦਾ ਹਾਂ ਕਿ ਮੈਂ ਉਸ ਦਿਨ ਇੱਕ ਅੰਗ੍ਰੇਜ਼ ਦਾ ਖ਼ੂਨ ਕੀਤਾ ਅਤੇ ਦੱਸਦਾ ਹਾਂ ਕਿ ਇਹ ਉਨ੍ਹਾਂ ਨਿਰਦਇਤਾ ਭਰੀਆਂ

ਸਜ਼ਾਵਾਂ ਦਾ ਮਾੜਾ ਜਿਹਾ ਬਦਲਾ ਹੈ, ਜੋ ਹਿੰਦੋਸਤਾਨੀ ਦੇਸ਼ ਭਗਤ ਨੌਜਵਾਨਾਂ ਨੂੰ ਫਾਂਸੀ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਹਨ। ਮੈਂ ਇਸ ਕੰਮ ਵਿੱਚ ਆਪਣੇ ਜ਼ਮੀਰ ਤੋਂ ਸਿਵਾ ਹੋਰ ਕਿਸੇ ਦੀ ਸਲਾਹ ਨਹੀਂ ਲਈ। ਆਪਣੇ ਕਰਤੱਵ-ਯੁੱਧ ਜਾਂ ਆਪਣੀ ਫ਼ਰਜ਼-ਸ਼ਨਾਸੀ ਤੋਂ ਸਿਵਾ ਕਿਸੇ ਨਾਲ ਸਾਜਿਸ਼ ਨਹੀਂ ਕੀਤੀ।

"ਮੇਰਾ ਇਹ ਵਿਸ਼ਵਾਸ ਹੈ ਕਿ ਇੱਕ ਕੌਮ ਜਿਸ ਨੂੰ ਵਿਦੇਸ਼ੀ ਲੋਕਾਂ ਨੇ ਬੰਦੂਕਾਂ ਨਾਲ ਦਬਾਇਆ ਹੋਇਆ ਹੋਵੇ, ਉਹ ਹਮੇਸ਼ਾ ਲੜਾਈ ਦੀ ਹਾਲਤ ਵਿੱਚ ਹੁੰਦੀ ਹੈ ਅਤੇ ਚੂੰਕਿ ਹਥਿਆਰ ਖੋਹ ਕੇ ਖੁੱਲ੍ਹੀ ਲੜਾਈ ਨਾ ਮੁਮਕਿਨ ਕਰ ਦਿੱਤੀ ਜਾਂਦੀ ਹੈ, ਮੈਂ ਲੁਕ ਕੇ ਬਿਨਾਂ ਦੱਸਿਆ ਹਮਲਾ ਕੀਤਾ ਹੈ ਕਿਉਂਕਿ ਸਾਨੂੰ ਸੰਦੂਕਾਂ ਰੱਖਣ ਤੋਂ ਮਨ੍ਹਾਂ ਕੀਤਾ ਜਾਂਦਾ ਹੈ। ਇਸ ਕਰਕੇ ਮੈਂ ਪਿਸਤੌਲ ਧੂਹ ਲਿਆ ਅਤੇ ਚਲਾ ਦਿੱਤਾ।

"ਮੈਂ ਇੱਕ ਹਿੰਦੂ ਹੋਣ ਦੀ ਹੈਸੀਅਤ ਵਿੱਚ ਸਮਝਦਾ ਹਾਂ ਕਿ ਮੇਰੇ ਦੇਸ਼ ਦੇ ਨਾਲ ਕੀਤਾ ਗਿਆ ਅਨਿਆਏ ਈਸ਼ਵਰ ਦੀ ਹੱਤਕ ਹੈ ਕਿਉਂਕਿ ਦੇਸ਼ ਦੀ ਪੂਜਾ ਸ੍ਰੀ ਰਾਮ ਚੰਦਰ ਦੀ ਪੂਜਾ ਹੈ ਅਤੇ ਦੇਸ਼ ਦੀ ਸੇਵਾ ਸ਼੍ਰੀ ਕ੍ਰਿਸ਼ਨ ਦੀ ਸੇਵਾ ਹੈ।

"ਇੱਕ ਗਰੀਬ ਅਤੇ ਮੂਰਖ ਮੇਰੇ ਜੈਸੇ ਨੌਜਵਾਨ ਪੁੱਤਰ ਦੇ ਪਾਸ ਆਪਣੀ ਭਾਰਤ ਮਾਤਾ ਦੀ ਸੇਵਾ ਵਿੱਚ ਭੇਂਟ ਕਰਨ ਵਾਸਤੇ ਆਪਣੇ ਖ਼ੂਨ ਦੇ ਸਿਵਾਏ ਹੋਰ ਕੀ ਹੋ ਸਕਦਾ ਹੈ। ਸੋ ਮੈਂ ਆਪਣਾ ਖ਼ੂਨ ਭਾਰਤ ਮਾਤਾ ਦੇ ਚਰਨਾਂ ਵਿੱਚ ਅਰਪਿਤ ਕਰਨ ਵਿੱਚ ਮਾਣ ਮਹਿਸਸ ਕਰ ਰਿਹਾ ਹਾਂ।

"ਇਸ ਵੇਲੇ ਅਗਰ ਹਿੰਦੋਸਤਾਨ ਨੂੰ ਕਿਸੇ ਸਬਕ ਦੀ ਲੋੜ ਹੈ ਤਾਂ ਉਹ ਇਹ ਹੈ ਕਿ ਕਿਸ ਤਰ੍ਹਾਂ ਮਰੀਦਾ ਹੈ। ਔਰ ਇਹ ਸਿਖਲਾਉਣ ਦਾ ਇਕੋ ਤਰੀਕਾ ਹੈ ਕਿ ਅਸੀਂ ਖੁਦ ਮਰ ਕੇ ਦਿਖਲਾਈਏ। ਇਸ ਵਾਸਤੇ ਮੈਂ ਮਰ ਰਿਹਾ ਹਾਂ। ਇਸ ਵਾਸਤੇ ਮੁਬਾਰਿਕ ਹੋਵੇ ਸ਼ਹੀਦਾਨਾ ਮੌਤ।

"ਇਹ ਲੜਾਈ ਉਦੋਂ ਤੀਕ ਜਾਰੀ ਰਹੇਗੀ, ਜਦੋਂ ਤੀਕ ਹਿੰਦੋਸਤਾਨੀ ਅਤੇ ਅੰਗ੍ਰੇਜ਼ ਦੋਵੇਂ ਕੌਮਾਂ ਰਹਿਣਗੀਆਂ ਅਤੇ ਇਹਨਾਂ ਦਾ ਇਹ ਅਨੁਭਾਵਕ (ਗੈਰ-ਕੁਦਰਤੀ) ਨਰੜ ਹੋਇਆ ਰਹੇਗਾ।

"ਮੇਰੀ ਈਸ਼ਵਰ ਅੱਗੇ ਇਤਨੀ ਹੀ ਪ੍ਰਾਰਥਨਾ ਹੈ ਕਿ ਮੈਂ ਫਿਰ ਇਸੇ ਮਾਤਾ ਦੀ ਗੋਦ ਵਿੱਚ ਜਨਮ ਲਵਾਂ ਅਤੇ ਇਸੇ ਕੰਮ ਵਿੱਚ ਮਰਾਂ, ਅਤੇ ਜਦੋਂ ਤੀਕ ਉਹ ਸੁਤੰਤਰ ਨਾ ਹੋ ਜਾਵੇ ਅਤੇ ਮਾਨਵ ਸਮਾਜ ਦੀ ਪੂਰਨ ਰੂਪ ਨਾਲ ਸੇਵਾ ਅਤੇ ਉੱਨਤੀ ਕਰਨ ਯੋਗ ਨਾ ਹੋ ਜਾਵੇ, ਮੈਂ ਇੱਥੇ ਹੀ ਜੰਮਦਾ ਅਤੇ ਇਸ ਤਰ੍ਹਾਂ ਮਰਦਾ ਰਹਾਂ। — 'ਵੰਦੇ ਮਾਤਰਮ'।"

16 ਅਗਸਤ 1909 ਦਾ ਦਿਹਾੜਾ ਵੀ ਇਤਿਹਾਸ ਵਿੱਚ ਯਾਦ ਰਹੇਗਾ। ਉਸ ਦਿਨ ਇੰਗਲੈਂਡ ਵਿੱਚ ਹਿੰਦੋਸਤਾਨੀ ਯੁੱਗ ਪਲਟਾਊ ਪਾਰਟੀ ਦੀ ਆਵਾਜ਼ ਗੂੰਜਾਉਣ ਵਾਲਾ ਢੀਂਗਰਾ ਵੀਰ ਆਪਣੀ ਮਸਤਾਨਾ ਚਾਲ ਚੱਲਦਾ ਹੋਇਆ ਤਖ਼ਤੇ 'ਤੇ ਜਾ ਚੜ੍ਹਿਆ ਸੀ। ਸ਼੍ਰੀਮਤੀ ਐਗਨਸ਼ ਸਮੈਡਲੀ ਇੱਕ ਥਾਂ ਇਸ ਘਟਨਾ ਦਾ ਜ਼ਿਕਰ ਕਰਦੀ ਹੋਈ ਲਿਖਦੀ ਹੈ:

"He walked to the scaffolded with his head high and shocked off the hands of those who offered support him, saying that he was not afraid of death."

ਆਹਾ! ਸਹਾਰਾ ਦੇ ਕੇ ਲੈ ਜਾਣ ਵਾਲੇ ਬੰਦਿਆਂ ਦੇ ਹੱਥ ਪਿਛਾਂਹ ਝਾੜ ਕੇ ਉਹ ਕਹਿਣ ਲੱਗੇ, "ਮੈਂ ਮੌਤੋਂ ਨਹੀਂ ਡਰਦਾ।" ਆਹਾ! ਘੱਨ ਹੈ ਮ੍ਰਿਤੰਜਯ।

"As he stood on the scaffolded he was asked if he had any last thing to say. He answered, 'Vande Matram!'"

ਭਾਰਤ ਮਾਂ ਨਾਲ ਇਤਨਾ ਪਿਆਰ! ਫਾਂਸੀ ਦੇ ਤਖ਼ਤੇ 'ਤੇ ਖਲੋਤੇ ਹੋਇਆਂ ਨੂੰ ਪੁੱਛਿਆ ਜਾਂਦਾ ਹੈ, ਕੁੱਝ ਕਹਿਣਾ ਚਾਹੁੰਦੇ ਹੋ ਤਾਂ ਉੱਤਰ ਦਿੱਤਾ, "ਵੰਦੇ ਮਾਤਰਮ"। ਮਾਂ! ਭਾਰਤ ਮਾਂ!! ਤੈਨੂੰ ਨਮਸਕਾਰ! ਉਹ ਵੀਰ ਫਾਂਸੀ 'ਤੇ ਲਟਕ ਗਿਆ ਅਤੇ ਉਹਨਾਂ ਦੀ ਮਰਿਤਕ ਦੇਹ ਅੰਦਰ ਹੀ ਦੱਬ ਦਿੱਤੀ ਗਈ ਅਤੇ ਹਿੰਦੋਸਤਾਨੀਆਂ ਨੂੰ ਉਹਨਾਂ ਦੀ ਦੇਹ ਸੰਸਕਾਰ ਆਦਿ ਦੀ ਆਗਿਆ ਨਾ ਦਿੱਤਾ ਗਈ। ਧੰਨ ਸੀ ਉਹ ਵੀਰ। ਘੱਨ ਹੈ ਉਸ ਦੀ ਯਾਦ। ਮੁਰਦੇ ਦੇਸ਼ ਦੇ ਅਮੋਲਕ ਹੀਰੇ ਨੂੰ ਵਾਰ-ਵਾਰ ਨਮਸਕਾਰ!!!

———